# ਹੱਕਾਂ ਬਾਰੇ ਸੰਖੇਪ ਜਾਣਕਾਰੀ:
# ਇੰਮਪਲਾਇਮੈਂਟ ਸਟੈਂਡਰਡਜ ਇੰਨ ਉਨਟਾਰੀਓ

## ਕੀ ਹੈ ਉਨਟਾਰੀਓ ਦਾ ਇੰਮਪਲਾਇਮੈਂਟ ਸਟੈਂਡਰਡ ਐਕਟ?

ਇੰਮਪਲਾਇਮੈਂਟ ਸਟੈਂਡਰਡਜ ਐਕਟ (ESA) ਇਕ ਘੱਟੋ ਘੱਟ ਮਿਆਰ ਹੈ ਜਿਸਨੂੰ ਕੰਪਨੀ ਦੇ ਮਾਲਕ(ਬੌਸ) ਨੂੰ ਮੰਨਣਾ ਪੈਂਦਾ ਹੈ। ਤੁਸੀਂ ਕਿਤੇ ਵੀ ਸਾਈਨ ਕਰਨ ਤੋਂ ਬਾਅਦ ਵੀ ਆਪਣੇ ਹੱਕਾਂ ਤੋਂ ਵਾਂਝੇ ਨਹੀਂ ਹੋ ਸਕਦੇ। ਭਾਵੇਂ ਤੁਸੀਂ ਇਹਨਾ ਹੱਕਾਂ ਤੋਂ ਉਲਟ ਕਿਸੇ ਐਗਰੀਮੈਂਟ 'ਤੇ ਆਪਣੇ ਸਾਈਨ ਵੀ ਕਰ ਦੇਵੋਂ, ਫੇਰ ਵੀ ਤੁਹਾਡੇ ਹੱਕ ਬਰਕਰਾਰ ਰਹਿਣਗੇ। ਭਾਵੇਂ ਤੁਸੀਂ ਵਰਕ ਪਰਮਿਟ 'ਤੇ, ਪੱਕੇ ਰੈਜੀਡੈਂਟ ਜਾਂ ਕੈਨੇਡੀਅਨ ਸਿਟੀਜ਼ਨ ਵੀ ਨਹੀਂ ਹੋ ਤਾਂ ਵੀ ਤੁਹਾਨੂੰ ਈ ਐਸ ਏ' ਦੀ ਸਹੂਲਤ ਜ਼ਰੂਰ ਮਿਲੇਗੀ। ਤੁਸੀਂ ਭਾਵੇਂ ਅਜੇ ਨਿਰੀਖਣ ਸਮੇਂ ਤੇ ਹੋ, ਆਰਜੀ ਜਾ ਪਾਰਟ ਟਾਈਮ ਕੰਮ ਕਰਦੇ ਹੋ।

ਇਸੇ ਹੀ ਕਾਨੂੰਨ ਦੇ ਅਨੁਸਾਰ ਸਾਰੇ ਵਰਕਰ ਇਕੋ ਜਿਹੇ ਕਾਨੂੰਨ ਲਈ ਬਰਾਬਰ ਨਹੀਂ ਮੰਨੇ ਜਾਂਦੇ। ਉਦਾਹਰਣ ਦੇ ਤੌਰ ਤੇ ਕੁਝ ਵਰਕਰ, ਜਿਵੇਂ ਬਿਲਡਿੰਗ ਸੁਪਰਡੈਂਟ, ਫਾਰਮਰ ਵਰਕਰਜ, ਇਹਨਾ ਕੋਲ ਮਿਨੀਮਮ ਵੇਜ ਜਾਂ ਓਵਰਟਾਈਮ ਲਈ ਬਰਾਬਰ ਦੇ ਹੱਕ ਨਹੀਂ ਹਨ। ਜੇ ਕਰ ਤੁਸੀਂ ਸੈਲਫ ਇੰਮਪਲਾਇਡ ਹੋ ਫੇਰ ਤੁਹਾਨੂੰ 'ਈ ਐਸ ਏ' ਦੇ ਹੱਕ ਨਹੀਂ ਮਿਲਣਗੇ। ਇਸ ਦੇ ਦੂਜੇ ਪਾਸੇ ਜਿਹੜੀਆਂ ਜੌਬਾਂ ਫੈਡਰਲ ਦੇ ਕਾਨੂੰਨ ਥੱਲੇ ਆਉਂਦੀਆਂ ਹਨ ਜਿਵੇਂ ਬੈਂਕਾਂ, ਟੈਲੀਕਿਉਮਨੀਕੇਸ਼ਨਜ ਉਹਨਾ ਨੂੰ ਕੈਨੇਡਾ ਲੇਬਰ ਕੋਡ ਅਧੀਨ ਇਹ ਅਧਿਕਾਰ ਮਿਲਦੇ ਹਨ।

ਇਹ ਫੈਕਟਸ਼ੀਟ 'ਈ ਐਸ ਏ' ਵਲੋਂ ਮਿਲੇ ਸਾਰੇ ਹੱਕਾਂ ਬਾਰੇ ਵਿਆਖਿਆ ਨਹੀਂ ਕਰਦੀ। ਜੇ ਕਰ ਤੁਹਾਨੂੰ ਤੁਹਾਡੇ ਕੰਮ 'ਤੇ ਮਿਲੇ ਹੱਕਾਂ ਬਾਰੇ ਕੋਈ ਮਦਦ ਚਾਹੀਦੀ ਹੈ ਤਾਂ ਕ੍ਰਿਪਾ ਕਰਕੇ ਵਰਕਰਜ਼ ਐਕਸ਼ਨ ਸੈਂਟਰ ਨੂੰ ਕਾਲ ਜ਼ਰੂਰ ਕਰੋ।

## ਮਿਨੀਮਮ ਵੇਜ

ਤੁਹਾਡੇ ਕੰਮ 'ਤੇ ਬਹੁਤੀਆਂ ਜੌਬਾਂ ਲਈ ਤੁਹਾਨੂੰ ਹਰ ਘੰਟੇ ਦੇ ਕੰਮ ਲਈ ਮਿਨੀਮਮ ਵੇਜ ਮਿਲਣੀ ਬਹੁਤ ਜ਼ਰੂਰੀ ਹੈ। ਭਾਵੇਂ ਹੀ ਤੁਸੀਂ ਪੀਸ ਵਰਕ 'ਤੇ ਜਾਂ ਕਮਿਸ਼ਨ ਤੇ ਵੀ ਕੰਮ ਕਰਦੇ ਹੋ ਫਿਰ ਵੀ ਮਿਨੀਮਮ ਵੇਜ ਮਿਲਣੀ ਜ਼ਰੂਰੀ ਹੈ। ਆਮ ਮਨਿੀਮਮ ਵੇਜ 15 ਡਾਲਰ 50 ਸੈਂਟ ਪ੍ਰਤੀ ਘੰਟਾ ਹੈ। ਹਾਲਾਂਕ 18 ਸਾਲ ਤੋਂ ਘੱਟ ਉਮਰ ਦੇ ਸਟੂਡੈਂਟਸ ਜੋ ਇਕ ਹਫਤੇ ਦੇ 28 ਘੰਟੇ ਜਾਂ ਇਸ ਤੋਂ ਵੀ ਘੱਟ ਘੰਟੇ ਕੰਮ ਕਰਦੇ ਹਨ ਉਨ੍ਹਾਂ ਨੂੰ ਇਕ ਘੰਟੇ ਦੀ ਮਨਿੀਮਮ ਵੇਜ 14 ਡਾਲਰ 60 ਸੈਂਟ ਹੀ ਮਲਿਦੀ ਹੈ।

## ਕੰਮ ਦੇ ਘੰਟੇ

ਆਮ ਤੌਰ ਤੇ ਇਕ ਦਿਨ ਦੇ 8 ਘੰਟੇ ਅਤੇ ਹਫਤੇ ਦੇ ਵੱਧ ਤੋਂ ਵੱਧ 48 ਘੰਟੇ ਕੰਮ ਹੁੰਦਾ ਹੈ। ਤੁਹਾਡਾ ਬੌਸ ਤੁਹਾਨੂੰ ਕੰਮ 'ਤੇ ਵੱਧ ਤੋਂ ਵੱਧ ਸਮੇਂ ਤੋਂ ਵੀ ਜਿਆਦਾ ਘੰਟੇ ਕੰਮ ਕਰਵਾਉਂਣ ਲਈ ਲਿਖਤੀ ਰੂਪ 'ਚ ਸਹਿਮਤ ਹੋਣ ਲਈ ਪੁੱਛ ਸਕਦਾ ਹੈ। ਤੁਹਾਡਾ ਬੌਸ ਤੁਹਾਨੂੰ ਹਰ 5 ਘੰਟਿਆਂ ਦੇ ਕੰਮ ਤੋਂ ਬਾਅਦ ਇਕ 30 ਮਿੰਟ ਦੀ ਬਿਨਾਂ ਪੇਅ ਦੇ ਬਰੇਕ ਦੇਣ ਦਾ ਪਾਬੰਦ ਹੋਵੇਗਾ। ਤੁਹਾਡੀ ਇਸ ਬਰੇਕ ਨੂੰ 15-15 ਮਿੰਟ ਦੀਆਂ ਦੋ ਬਰੇਕਾਂ 'ਚ ਵੀ ਵੰਡਿਆ ਜਾ ਸਕਦਾ ਹੈ।

ਇਸ ਕੰਮ ਲਈ ਅਜੇ ਵੀ ਕੋਈ ਕਾਨੂੰਨ ਨਹੀਂ ਹੈ ਕਿ ਤੁਹਾਡਾ ਬੌਸ ਹਰ ਹਾਲਤ 'ਚ ਤੁਹਾਨੂੰ ਤੁਹਾਡੇ ਕੰਮ ਦੀ ਸਮਾ-ਸੂਚੀ (ਸਕੈਜੂਅਲ) ਕਦੋਂ ਦੇਵੇ। ਇਸ ਗੱਲ ਲਈ ਵੀ ਕੋਈ ਕਾਨੂੰਨ ਨਹੀਂ ਹੈ ਕਿ ਬੌਸ ਤੁਹਾਨੂੰ ਇਕ ਹਫਤੇ ਦੇ ਘੱਟੋ ਘੱਟ ਕਿੰਨੇ ਘੰਟੇ ਕੰਮ ਦੇਵੇ।

## ਓਵਰਟਾਈਮ

ਹਫਤੇ ਦੇ 44 ਘੰਟੇ ਕੰਮ ਕਰਨ ਤੋਂ ਬਾਅਦ ਹਰ ਵਾਧੂ ਲਾਏ ਓਵਰਟਾਈਮ ਘੰਟੇ ਦੇ ਆਮ ਪੇਅ ਦਾ ਡੇਢ ਗੁਣਾ ਵੱਧ ਪੇਅ ਕੀਤੇ ਜਾਣਗੇ। ਤੁਹਾਡਾ ਬੌਸ ਤੁਹਾਨੂੰ ਇਕ ਹਫਤੇ ਤੋਂ ਵੱਧ ਹਫਤਿਆਂ ਦੇ ਓਵਰਟਾਈਮ ਦੀ ਐਵਰੇਜ ਕੱਢ ਕੇ ਪੇਅ ਕਰਨ ਲਈ ਕਹਿ ਸਕਦਾ ਹੈ। ਉਦਾਹਰਣ ਦੇ ਤੌਰ ਤੇ ਤੁਸੀਂ ਪਹਿਲੇ ਹਫਤੇ 40 ਘੰਟੇ ਕੰਮ ਕੀਤਾ ਅਤੇ ਦੂਸਰੇ ਹਫਤੇ 60 ਘੰਟੇ ਕੰਮ ਕੀਤਾ, ਇਸਦੀ ਐਵਰੇਜ ਮੁਤਾਬਕ ਤੁਸੀਂ ਹਰ ਹਫਤੇ 50 ਘੰਟੇ ਕੰਮ ਕੀਤਾ। ਇਸਦਾ ਮਤਲਬ ਇਹ ਹੋਇਆ ਕਿ ਤੁਹਾਨੂੰ ਸਿਰਫ 12 ਘੰਟੇ ਦਾ ਹੀ ਓਵਰਟਾਈਮ ਮਿਲੇਗਾ ਬਿਨਾ ਐਵਰੇਜ ਕੱਢਣ ਤੇ ਤੁਹਾਨੂੰ ਇਕ ਹਫਤੇ ਦੇ 16 ਘੰਟੇ ਦਾ ਓਵਰਟਾਈਮ ਮਿਲਣਾ ਸੀ।

ਇਸ ਦੇ ਉਲਟ ਤੁਸੀਂ ਲਿਖਤੀ ਰੂਪ 'ਚ ਇਸ ਗੱਲ ਲਈ ਵੀ ਸਹਿਮਤ ਹੋ ਸਕਦੇ ਹੋ ਕਿ ਓਵਰਟਾਈਮ ਦੇ ਡੇਢ ਗੁਣਾ ਪੇਅ ਦੇ ਹਿਸਾਬ ਨਾਲ ਤੁਸੀਂ ਜਿੰਨੇ ਘੰਟੇ ਓਵਰਟਾਈਮ ਦੇ ਲਾਏ ਉਨੇ ਘੰਟੇ ਦੀ ਕੰਮ ਤੋਂ ਛੁੱਟੀ ਵੀ ਕਰ ਸਕਦੇ ਹੋ।

## ਛੁੱਟੀਆਂ ਕਰਨ ਤੇ ਵੀ ਜੌਬ ਖਤਰੇ 'ਚ ਨਾ ਪਵੇ

ਕੁਝ ਛੁੱਟੀਆਂ ਕੀਤੀਆਂ ਜਾ ਸਕਦੀਆਂ ਹਨ ਜਿਸ ਨਾਲ ਜੌਬ ਜਾਣ ਦਾ ਖਤਰਾ ਨਹੀਂ ਹੈ। ਉਦਾਹਰਣ ਦੇ ਤੌਰ ਤੇ ਆਹ ਛੁੱਟੀਆਂ ਸ਼ਾਮਿਲ ਹਨ :

ਬਿਮਾਰੀ ਕਾਰਣ ਛੁੱਟੀਆਂ : ਤੁਸੀਂ ਕਿਸੇ ਮੈਡੀਕਲ ਐਂਮਰਜੈਂਸੀ ਆਉਂਣ 'ਤੇ, ਸੱਟ ਲੱਗਣ, ਜਾਂ ਬਿਮਾਰ ਹੋਣ 'ਤੇ 3 ਦਿਨਾਂ ਦੀਆਂ ਬਿਨਾਂ ਪੇਅ ਤੋਂ ਛੁੱਟੀਆਂ ਲੈ ਸਕਦੇ ਹੋ।

ਪਰਿਵਾਰ 'ਚ ਕਿਸੇ ਦੇ ਬਿਮਾਰ ਹੋਣ ਤੇ ਲਈਆਂ ਛੁੱਟੀਆਂ : ਪਰਿਵਾਰ 'ਚ ਕਿਸੇ ਮੈਂਬਰ ਨੂੰ ਮੈਡੀਕਲ ਐਂਮਰਜੈਂਸੀ ਜਾਂ ਬਹੁਤ ਜ਼ਰੂਰੀ ਕੰਮ ਪੈਣ 'ਤੇ, ਸੱਟ ਲੱਗ ਜਾਣ ਤੇ ਜਾਂ ਬਿਮਾਰ ਹੋਣ ਤੇ 3 ਦਿਨ ਦੀਆਂ ਬਿਨਾਂ ਪੇਅ ਛੁੱਟੀਆਂ ਲੈ ਸਕਦੇ ਹੋ।

ਪਰੈਗਨੈਂਸੀ ਦੀਆਂ ਛੁੱਟੀਆਂ : ਬੱਚੇ ਨੂੰ ਜਨਮ ਦੇਣ ਵਾਲੇ ਵਰਕਰ 17 ਹਫਤਿਆਂ ਦੀਆਂ ਬਿਨਾਂ ਪੇਅ ਤੋਂ ਛੁੱਟੀਆਂ ਲੈ ਸਕਦੇ ਹਨ।

ਬੱਚੇ ਦੇ ਜਨਮ 'ਤੇ ਮਾਂਪਿਆਂ ਵਲੋਂ ਲਈਆਂ ਛੁੱਟੀਆਂ : ਜਿਸ ਮਾਂ ਨੇ ਬੱਚੇ ਨੂੰ ਜਨਮ ਦਿੱਤਾ ਹੈ ਉਹ 61 ਹਫਤਿਆਂ ਤੱਕ ਬਿਨਾਂ ਪੇਅ ਦੇ ਛੁੱਟੀਆਂ ਲੈ ਸਕਦੀ ਹੈ। ਹੋਰ ਵੀ ਸਾਰੇ ਨਵੇਂ ਬਣੇ ਮਾਪੇ 63 ਹੱਫਤਿਆਂ ਤੱਕ ਦੀਆਂ ਬਿਨਾਂ ਪੇਅ ਛੁੱਟੀਆਂ ਲੈ ਸਕਦੇ ਹਨ।



**Workers' Action Centre**
416-531-0778
Toll Free: 1-855-531-0778
www.workersactioncentre.org

**Updated October 2022**

# ਹੱਕਾਂ ਬਾਰੇ ਸੰਖੇਪ ਜਾਣਕਾਰੀ:
# ਇੰਮਪਲਾਇਮੈਂਟ ਸਟੈਂਡਰਡਜ ਇੰਨ ਉਨਟਾਰੀਓ

## ਵੋਕੇਸ਼ਨ ਦਾ ਸਮਾਂ ਅਤੇ ਪੇਅ

ਜੇ ਕਰ ਵਰਕਰ ਇਕ ਸਾਲ ਲਗਾਤਾਰ ਇਕ ਹੀ ਕੰਪਨੀ 'ਚ ਕੰਮ ਕਰਦਾ ਹੈ ਤਾਂ ਉਹ ਦੋ ਹਫਤੇ ਦੀਆਂ ਪੇਅ ਸਮੇਤ ਛੁੱਟੀਆਂ ਕਰ ਸਕਦਾ ਹੈ। ਇਕੋ ਹੀ ਕੰਪਨੀ 'ਚ ਲਗਾਤਾਰ 5 ਸਾਲ ਕੰਮ 'ਤੇ ਪੇਅ ਸਮੇਤ 3 ਹਫਤੇ ਦੀਆਂ ਛੁੱਟੀਆਂ ਕਰ ਸਕਦਾ ਹੈ।

ਵੋਕੇਸ਼ਨ ਦਾ ਸਮਾਂ ਤੇ ਪੇਅ ਅਲੱਗ-ਅਲੱਗ ਹਨ। ਭਾਵੇਂ ਹੀ ਵਰਕਰ ਕੰਮ 'ਤੇ ਪਹਿਲੇ ਸਾਲ ਵੋਕੇਸ਼ਨ ਲੈਣ ਦਾ ਹੱਕਦਾਰ ਨਾ ਵੀ ਹੋਵੇ ਜਾਂ ਵੋਕੇਸ਼ਨ ਦੀਆਂ ਛੁੱਟੀਆਂ ਨਾ ਵੀ ਕਰੇ ਤੱਦ ਵੀ ਉਹ ਵੋਕੇਸ਼ਨ ਪੇਅ ਲੈਣ ਦਾ ਹੱਕਦਾਰ ਹੈ। ਭਾਵੇਂ ਤੁਸੀਂ ਸਿਰਫ ਇਕ ਘੰਟਾਂ ਹੀ ਕੰਮ 'ਤੇ ਲਾਇਆ ਹੈ ਫੇਰ ਵੀ ਤੁਹਾਨੂੰ ਵੋਕੇਸ਼ਨ ਪੇਅ ਮਿਲੇਗੀ।

ਜਿਨਾਂ ਵੀ ਕੰਮ ਤੁਸੀਂ ਕੀਤਾ ਹੈ ਉਸ ਦੇ ਹਰ ਡਾਲਰ ਪਿੱਛੇ 4% ਵੋਕੇਸ਼ਨ ਪੇਅ ਮਿਲਦੀ ਹੈ। ਜੇ ਤੁਸੀਂ ਇਕੋ ਹੀ ਕੰਪਨੀ 'ਚ 5 ਸਾਲ ਕੰਮ ਕੀਤਾ ਹੈ ਤਾਂ ਤੁਹਾਡੇ ਵਲੋਂ ਕਮਾਏ ਹਰ ਡਾਲਰ ਪਿੱਛੇ ਤੁਹਾਨੂੰ 6% ਵੋਕੇਸ਼ਨ ਪੇਅ ਮਿਲੇਗੀ। ਆਮ ਤੌਰ ਤੇ ਤੁਹਾਨੂੰ ਵੋਕੇਸ਼ਨ ਦੀਆਂ ਛੁੱਟੀਆਂ ਲੈਣ ਸਮੇਂ ਹੀ ਵੋਕੇਸ਼ਨ ਪੇਅ ਮਿਲਦੀ ਹੈ। ਜਾਂ ਫੇਰ ਤੁਹਾਡੇ ਐਗਰੀਮੈਂਟ ਦੇ ਮੁਤਾਬਕ ਤੁਹਾਡੇ ਹਰ ਚੈਕ ਦੇ ਨਾਲ ਹੀ ਵੋਕੇਸ਼ਨ ਪੇਅ ਦੇ ਦਿੱਤੀ ਜਾਂਦੀ ਹੈ।

## ਪਬਲਿਕ ਦਿਨਾਂ ਦੀਆਂ ਛੁੱਟੀਆਂ

ਹਰ ਸਾਲ ਪਬਲਿਕ ਦਿਨਾਂ ਦੀਆਂ 9 ਛੁੱਟੀਆਂ ਹੁੰਦੀਆਂ ਹਨ, ਜਿਨ੍ਹਾ 'ਚ ਨਿਊ ਯੀਅਰ ਡੇਅ, ਫੈਮਲੀ ਡੇਅ, ਗੁੱਡ ਫਰਾਈਡੇਅ, ਵਿਕਟੋਰੀਆ ਡੇਅ, ਕੈਨੇਡਾ ਡੇਅ, ਲੇਬਰ ਡੇਅ, ਥੈਂਕਸ ਗਿਵਿੰਗ, ਕ੍ਰਿਸਿਮਿਸ ਡੇਅ ਅਤੇ ਬੌਕਸਿੰਗ ਡੇਅ।

ਪਬਲਿਕ ਡੇਅ ਵਾਲੀ ਛੁੱਟੀ ਦੀ ਪੇਅ ਤੁਹਾਨੂੰ ਪਿਛਲੇ ਚਾਰ ਹਫਤਿਆਂ ਦੀ ਕੁੱਲ ਪੇਅ ਨੂੰ ਮਿਲਾਕੇ ਉਸਨੂੰ ਵੀਹ ਨਾਲ ਵੰਡ ਕੇ ਕੱਢੀ ਜਾਂਦੀ ਹੈ। ਪਬਲਿਕ ਡੇਅ ਦੀ ਪੇਅ ਲੈਣ ਦੇ ਯੋਗ ਬਣਨ ਲਈ ਵਰਕਰ ਨੂੰ ਸਕੈਯੂਅਲ ਮੁਤਾਬਕ ਮਿਲੀ ਸਿਫਟ ਅਨੁਸਾਰ ਛੁੱਟੀ ਵਾਲੇ ਦਿਨ ਤੋਂ ਪਹਿਲਾਂ ਅਤੇ ਛੁੱਟੀ ਤੋਂ ਅਗਲੀ ਸਿਫਟ ਲਈ ਕੰਮ 'ਤੇ ਹੋਣਾ ਜ਼ਰੂਰੀ ਹੈ।

ਜੇ ਕਰ ਵਰਕਰ ਪਬਲਿਕ ਛੁੱਟੀ ਵਾਲੇ ਦਿਨ ਵੀ ਕੰਮ ਕਰਦਾ ਹੈ ਤਾਂ ਉਹ ਲਿਖਤੀ ਤੌਰ 'ਤੇ ਕੰਮ ਦੇ ਹਰ ਘੰਟੇ ਦੀ ਡੇਢ ਗੁਣਾ ਪੇਅ ਲੈਣ ਦਾ ਹੱਕਦਾਰ ਹੈ ਅਤੇ ਉਸਨੂੰ ਪਬਲਿਕ ਛੁੱਟੀ ਦੀ ਪੇਅ ਵੀ ਵਾਧੂ ਮਿਲੇਗੀ। ਇਸ ਤੋਂ ਉਲਟ ਅਗਰ ਵਰਕਰ ਪਬਲਿਕ ਛੁੱਟੀ 'ਤੇ ਆਮ ਰੇਟ ਦੇ ਹਿਸਾਬ ਨਾਲ ਹੀ ਕੰਮ ਕਰਦਾ ਹੈ ਤਾਂ ਉਹ ਕਿਸੇ ਹੋਰ ਦਿਨ 'ਤੇ ਪਬਲਿਕ ਛੁੱਟੀ ਦੀ ਪੇਅ ਦੇ ਹਿਸਾਬ ਨਾਲ ਇਕ ਦਿਨ ਦੀ ਛੁੱਟੀ ਵੀ ਕਰ ਸਕਦਾ ਹੈ।

## ਕੰਮ ਤੋਂ ਹਟਾਏ ਜਾਣ ਦਾ ਨੋਟਿਸ ਅਤੇ ਪੇਅ

ਜੇ ਕਰ ਤੁਹਾਨੂੰ ਕੰਮ 'ਤੇ ਲੱਗਿਆਂ ਨੂੰ ਤਿੰਨ ਮਹੀਨੇ ਪੂਰੇ ਨਹੀਂ ਹੋਏ ਤਾਂ ਬੌਸ ਤੁਹਾਨੂੰ ਬਿਨਾਂ ਨੋਟਿਸ ਤੋਂ ਹੀ ਕੰਮ ਤੋਂ ਹਟਾ ਸਕਦਾ ਹੈ। ਤਿੰਨ ਮਹੀਨੇ ਬਾਅਦ ਅਗਰ ਬੌਸ ਤੁਹਾਨੂੰ ਕੰਮ ਤੋਂ ਹਟਾਉਂਦਾ ਹੈ ਤਾਂ ਉਸਨੂੰ ਉਸ ਤਾਰੀਕ ਨੂੰ ਹਰ ਹਾਲਤ ਲਿਖਤੀ ਨੋਟਿਸ ਦੇਣਾ ਪਵੇਗਾ। ਜੇ ਕਰ ਵਰਕਰ ਨੂੰ ਬਿਨਾਂ ਲਿਖਤੀ ਨੋਟਿਸ ਤੋਂ ਹਟਾਇਆ ਜਾਦਾ ਹੈ ਤਾਂ ਉਸ ਨੂੰ ਟਰਮੀਨੇਸ਼ਨ ਤੋਂ ਇਲਾਵਾ ਦੋਨਾਂ ਦਾ ਖਰਚਾ ਮਿਲ ਸਕਦਾ ਹੈ। ਇਹ ਕੰਮ ਤੋਂ ਹਟਾਏ ਜਾਣ ਦੀ ਪੇਅ ਅਤੇ ਨੋਟਿਸ ਇਸ ਗੱਲ ਤੇ ਨਿਰਭਰ ਕਰਦਾ ਕਿ ਤੁਸੀਂ ਕਦੋਂ ਤੋਂ ਕੰਮ ਕਰਦੇ ਹੋ ਅਗਰ ਉਸ ਕੰਮ ਤੇ ਅੱਠ ਸਾਲਾਂ ਤੋਂ ਕੰਮ ਕਰਦੇ ਹੋ ਤਾਂ ਤੁਹਾਨੂੰ ਵੱਧ ਤੋਂ ਵੱਧ ਅੱਠ ਹਫਤਿਆਂ ਦੀ ਪੇਅ ਵੀ ਮਿਲ ਸਕਦੀ ਹੈ।

## ਟੈਂਪ ਏਜੰਸੀ ਰਾਂਹੀ ਕੰਮ ਕਰਦੇ ਵਰਕਰ ਦੇ ਹੱਕ

ਈ ਐਸ ਏ' ਦੇ ਅਧੀਨ ਤਾਂ ਟੈਂਪ ਏਜੰਸੀ ਰਾਹੀ ਕੰਮ ਕਰਦੇ ਵਰਕਰਾਂ ਦੇ ਹੱਕ ਦੂਜੇ ਵਰਕਰਾਂ ਜਿੰਨੇ ਹੀ ਹਨ। ਇਸ ਤੋਂ ਇਲਾਵਾ, ਕ੍ਰਿਪਾ ਕਰਕੇ ਇਹ ਵੀ ਯਾਦ ਰੱਖੋ :

- ਕੋਈ ਵੀ ਏਜੰਸੀ ਤੁਹਾਡੇ ਕੋਲੋਂ ਤੁਹਾਨੂੰ ਕੰਮ 'ਤੇ ਲਾ ਕੇ ਜਾਂ ਕੰਮ ਲੱਭਣ 'ਚ ਸਹਾਇਤਾ ਕਰਕੇ ਤੁਹਾਡੇ ਤੋਂ ਕੋਈ ਵੀ ਫੀਸ ਨਹੀਂ ਲੈ ਸਕਦੀ।
- ਜੇ ਕਰ ਕੋਈ ਏਜੰਸੀ ਤੁਹਾਨੂੰ 3 ਮਹੀਨੇ ਜਾਂ ਵੱਧ ਸਮਾ ਚੱਲਣ ਵਾਲਾ ਕੰਮ ਲੱਭ ਕੇ ਦਿੰਦੀ ਹੈ, ਪਰ ਤੁਹਾਨੂੰ ਇਸ ਮਿੱਥੇ ਸਮੇਂ ਤੋਂ ਪਹਿਲਾਂ ਕੰਮ ਤੋਂ ਹਟਾ ਦਿੱਤਾ ਜਾਦਾ ਹੈ ਤਾ ਇਸ ਲਈ ਜਾਂ ਤਾਂ ਤੁਹਾਨੂੰ ਇਕ ਹਫਤਾ ਪਹਿਲਾਂ ਨੋਟਿਸ ਮਿਲਣਾ ਚਾਹੀਦਾ ਹੈ ਜਾਂ ਫਿਰ ਇਕ ਹਫਤੇ ਦੀ ਪੇਅ ਮਿਲੇ।
- ਜੇ ਕਰ ਕੋਈ ਏਜੰਸੀ ਤੁਹਾਡੀ ਪੇਅ ਨਹੀਂ ਦਿੰਦੀ ਤਾ ਤੁਹਾਡੀ ਰਹਿੰਦੀ ਪੇਅ ਦੇਣ ਲਈ ਉਹ ਕੰਪਨੀ ਜੁੰਮੇਵਾਰ ਹੈ ਜਿੱਥੇ ਤੁਸੀਂ ਕੰਮ ਕੀਤਾ ਹੈ।

## ਆਪਣੇ ਹੱਕਾਂ ਲਈ ਕਿਸ ਤਰ੍ਹਾਂ ਲੜਿਆ ਜਾਵੇ

ਤੁਹਾਨੂੰ ਤੁਹਾਡੇ ਕੰਮ 'ਤੇ ਹੱਕਾਂ ਦੀ ਗੱਲ ਕਰਨ ਜਾਂ ਆਪਣੇ ਹੱਕਾਂ ਲਈ ਲੜਨ ਕਰਕੇ ਕੋਈ ਸਜਾ ਨਹੀਂ ਦਿੱਤੀ ਜਾ ਸਕਦੀ।

ਕ੍ਰਿਪਾ ਕਰਕੇ ਆਪਣੇ ਵਰਕਰਾ ਦੇ ਹੱਕਾ ਲਈ ਵਰਕਰਜ਼ ਐਕਸ਼ਨ ਸੈਂਟਰ ਨੂੰ ਕਾਲ ਕਰੋ। ਤੁਹਾਡੇ ਕੰਮ 'ਤੇ ਤੁਹਾਡੇ ਹੋਰ ਮਸਲਿਆਂ ਦੀ ਜਾਣਕਾਰੀ ਲਈ ਇਸ ਨੰਬਰ 'ਤੇ ਫੋਨ ਕਰੋ

**416-531-0778 | www.workersactioncentre.org**

ਜੇ ਕਰ ਤੁਹਾਡੇ ਹੱਕ ਖੋਹੇ ਗਏ ਹਨ ਤਾਂ ਤੁਹਾਡੇ ਕੋਲ ਇਕ ਹੱਲ ਹੈ ਕਿ ਤੁਸੀਂ ਬਿਨਾ ਕਿਸੇ ਫੀਸ ਤੋਂ ਮਨਿਸਟਰੀ ਆਫ ਲੇਬਰ 'ਚ ਕੇਸ ਫਾਈਲ ਕਰੋ ਜਾਂ ਫੇਰ ਸਮਾਲ ਕਲੇਮ ਕੌਰਟ 'ਚ ਕੇਸ ਫਾਈਲ ਕਰੋ।

**1-800-531-5551 | www.labour.gov.on.ca**



**Workers' Action Centre**
416-531-0778
Toll Free: 1-855-531-0778
www.workersactioncentre.org

**Updated October 2022**